## Official Spokesperson's response to media queries on remarks by Pakistani Prime Minister in Gilgit today regarding his government's decision to accord "provisional provincial status" to the so-called "Gilgit-Baltistan"

November 01, 2020

……………………………………………………………………………………………..

## ਅੱਜ ਗਿਲਗਿਟ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਵੱਲੋਂ ਅਖੌਤੀ "ਗਿਲਗਿਟ-ਬਾਲਟਿਸਤਾਨ" ਨੂੰ "ਆਰਜ਼ੀ ਸੂਬਾਈ ਰੁਤਬਾ" ਦੇਣ ਬਾਰੇ ਪਾਕਿਸਤਾਨੀ ਸਰਕਾਰ ਦੇ ਫੈਸਲੇ ਸਬੰਧੀ ਮੀਡੀਆ ਦੇ ਸਵਾਲਾਂ ਦਾ ਅਧਿਕਾਰਿਤ ਬੁਲਾਰੇ ਵੱਲੋਂ ਜਵਾਬ

**1 ਨਵੰਬਰ, 2020**

**ਅੱਜ ਗਿਲਗਿਟ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਵੱਲੋਂ ਅਖੌਤੀ "ਗਿਲਗਿਟ-ਬਾਲਟਿਸਤਾਨ" ਨੂੰ "ਆਰਜ਼ੀ ਸੂਬਾਈ ਰੁਤਬਾ" ਦੇਣ ਬਾਰੇ ਪਾਕਿਸਤਾਨੀ ਸਰਕਾਰ ਦੇ ਫੈਸਲੇ ਸਬੰਧੀ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਿਤ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ ਕਿ:**

"ਭਾਰਤ ਸਰਕਾਰ ਪਾਕਿਸਤਾਨ ਦੇ ਗ਼ੈਰ-ਕਾਨੂੰਨੀ ਅਤੇ ਜ਼ਬਰਨ ਕਬਜ਼ੇ ਹੇਠ ਭਾਰਤੀ ਖੇਤਰ ਦੇ ਇੱਕ ਹਿੱਸੇ ਵਿੱਚ ਮੱਹਤਵਪੂਰਨ ਬਦਲਾਅ ਲਿਆਉਣ ਦੀ ਇਸਦੀ ਕੋਸ਼ਿਸ਼ ਨੂੰ ਸਖਤੀ ਨਾਲ ਖਾਰਿਜ ਕਰਦੀ ਹੈ। ਮੈਂ ਇਹ ਗੱਲ ਦੁਹਰਾਂਦਾ ਹਾਂ ਕਿ **1947** ਵਿੱਚ ਜੰਮੂ-ਕਸ਼ਮੀਰ ਦੇ ਭਾਰਤ ਅੰਦਰ ਕਾਨੂੰਨੀ**,** ਪੂਰਨ ਅਤੇ ਅਟੱਲ ਰੂਪ ਵਿੱਚ ਸ਼ਾਮਲ ਹੋ ਜਾਣ ਕਾਰਨ ਅਖੌਤੀ ਗਿਲਗਿਤ-ਬਾਲਟਿਸਤਾਨ ਖੇਤਰ ਸਮੇਤ ਜੰਮੂ-ਕਸ਼ਮੀਰ ਅਤੇ ਲੱਦਾਖ ਕੇਂਦਰੀ ਸ਼ਾਸਤ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅੰਗ ਹਨ। ਪਾਕਿਸਤਾਨ ਸਰਕਾਰ ਦੁਆਰਾ ਨਾਜਾਇਜ਼ ਕਬਜ਼ਾਏ ਗਏ ਇਲਾਕਿਆਂ ਬਾਰੇ ਇਸਨੂੰ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ। ਇਸਦੇ ਵੱਲੋਂ ਨਾਜਾਇਜ਼ ਕਬਜ਼ਾਏ ਗਏ ਇਲਾਕਿਆਂ ਨੂੰ ਛੁਪਾਉਣ ਲਈ ਪਾਕਿਸਤਾਨ ਵੱਲੋਂ ਕੀਤੀਆਂ ਜਾ ਰਹੀਆਂ ਅਜਿਹੀਆਂ ਕੋਸ਼ਿਸ਼ਾਂ ਨਾਲ ਪਾਕਿਸਤਾਨੀ ਕਬਜ਼ੇ ਵਾਲੇ ਇਲਾਕਿਆਂ ਦੇ ਲੋਕਾਂ ਨੂੰ ਸੱਤ ਦਹਾਕਿਆਂ ਤੋਂ ਵਧੇਰੇ ਸਮੇਂ 'ਤੋਂ ਪੇਸ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ**,** ਸ਼ੋਸ਼ਣ ਅਤੇ ਆਜ਼ਾਦੀ ਤੋਂ ਵਾਂਝੇ ਰੱਖੇ ਜਾਣ ਨੂੰ ਛੁਪਾਇਆ ਨਹੀਂ ਜਾ ਸਕਦਾ। ਇਨ੍ਹਾਂ ਭਾਰਤੀ ਇਲਾਕਿਆਂ ਦੇ ਹਾਲਾਤ ਬਦਲਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਪਾਕਿਸਤਾਨ ਤੋਂ ਤੁਰੰਤ ਆਪਣੇ ਨਾਜਾਇਜ਼ ਕਬਜ਼ੇ ਵਾਲੇ ਸਾਰੇ ਖੇਤਰ ਖਾਲੀ ਕਰਨ ਦੀ ਮੰਗ ਕਰਾਂਗੇ।"

ਨਵੀਂ ਦਿੱਲੀ
**1** ਨਵੰਬਰ**, 2020**

DISCLAIMER: This is an approximate translation. The original is available in English on MEA's website and may be referred to as the official press release.